E

## ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਪ੍ਰਿੰਸੀਪਲ, ਰਜਿਸਟਰਡ

ਨੰ: 1781 /ਕਾਲ

ਮਿਤੀ 20/7/2001

~~ਡੀ.ਏ.ਵੀ. ਕਾਲਜ~~ ਆਫ ਐਜੂਕੇਸ਼ਨ
ਫਾਰ ਵਿਮੈਨ,
ਅੰਮ੍ਰਿਤਸਰ।

ਵਿਸ਼ਾ: ਨਵੇਂ ਵਿਸ਼ੇ/ਕਲਾਸਾਂ/ਕੋਰਸ ਆਰੰਭ ਕਰਨ ਦੀ ਆਗਿਆ ਅਕਾਦਮਿਕ ਸਾਲ **2001-02** ਤੋਂ ਦੇਣ ਬਾਰੇ।

ਸ਼੍ਰੀ ਮਾਨ ਜੀ/ਮੈਡਮ,

ਸੂਚਿਤ ਕੀਤਾ ਜਾਂਦਾ ਹੈ ਕਿ ਕੁਲਪਤੀ ਜੀ ਨੇ ਨਿਰੀਖਣ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਆਪ ਦੇ ਕਾਲਜ ਵਿਖੇ ਸੈਸ਼ਨ **2001-02** ਤੋਂ ਹੇਠ ਲਿਖੇ ਨਵੇਂ ਵਿਸ਼ੇ/ਕਲਾਸਾਂ/ਕੋਰਸਾਂ ਵਾਸਤੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਪ੍ਰਵਾਨਗੀ ਦੀ ਆਸ ਤੇ ਆਰੰਭ ਕੀਤੇ ਜਾਣ ਦੀ ਆਰਜੀ (ਪ੍ਰੋਵੀਜਨਲ) ਆਗਿਆ ਦੇ ਦਿੱਤੀ ਹੈ:

| ਲੜੀ ਨੰ: | ਵਿਸ਼ਾ/ਕਲਾਸ/ਕੋਰਸ |
|---|---|
| 1. | ਪੀ.ਜੀ. ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ (ਟੀਚਰ ਐਜੂਕੇਸ਼ਨ) |
| 2. | |
| 3. | |
| 4. | |

ਉਕਤ ਅਨੁਸਾਰ ਵਿਸ਼ੇ/ਕਲਾਸ/ਕੋਰਸ ਆਰੰਭ ਕਰਨ ਲਈ ਨਿਰੀਖਣ ਕਮੇਟੀ ਵਲੋਂ ਨਿਰਧਾਰਿਤ ਸ਼ਰਤਾਂ ਦੀ ਕਾਪੀ ਆਪ ਜੀ ਦੇ ਗਿਆਤ ਹਿਤ ਭੇਜੀ ਜਾਂਦੀ ਹੈ। ਇਹਨਾਂ ਸ਼ਰਤਾਂ ਦੀ ਪੂਰਤੀ ਇੰਨ-ਬਿੰਨ ਕਰਕੇ ਯੂਨੀਵਰਸਿਟੀ ਨੂੰ ਸੂਚਿਤ ਕੀਤਾ ਜਾਵੇ।

ਉਪਰੋਕਤ ਵਰਨਣ ਸ਼ਰਤਾਂ ਦੀ ਪੂਰਤੀ ਸਬੰਧੀ ਯੂਨੀਵਰਸਿਟੀ ਨਿਰੀਖਣ ਕਮੇਟੀ ਦੁਬਾਰਾ ਪੜਤਾਲ ਕਰਵਾਏਗੀ। ਜੇਕਰ ਆਪ ਦਾ ਕਾਲਜ ਦਿੱਤੀ ਅੰਡਰ-ਟੇਕਿੰਗ ਅਨੁਸਾਰ ਕਿਸੇ ਵਿਸ਼ੇ/ਕਲਾਸ/ਕੋਰਸ ਲਈ ਸ਼ਰਤਾਂ ਮੁਕੰਮਲ ਰੂਪ ਵਿਚ ਪੂਰੀਆਂ ਨਹੀਂ ਕਰਦਾ ਤਾਂ ਉਸ ਲਈ ਦਿੱਤੀ ਆਰਜੀ ਸਬੰਧਿਤਾ ਵਾਪਸ ਲਈ ਜਾ ਸਕਦੀ ਹੈ।

ਜ਼ਰੂਰੀ ਨੋਟ:

1. ਇਹਨਾਂ ਵਿਸ਼ਿਆਂ/ਕਲਾਸਾਂ/ਕੋਰਸਾਂ ਨੂੰ ਚਾਲੂ ਕਰਨ ਉੱਤੇ ਜੋ ਵੀ ਖਰਚਾ ਆਵੇਗਾ ਉਹ ਸਬੰਧਿਤ ਕਾਲਜਾਂ ਦੀ ਪ੍ਰਬੰਧਕ ਕਮੇਟੀ ਆਪਣੇ ਵਸੀਲਿਆਂ ਤੋਂ ਹੀ ਸਹਿਣ ਕਰੇਗੀ ਅਤੇ ਇਸ ਖਰਚੇ ਬਾਰੇ ਸਰਕਾਰ ਕਿਸੇ ਤਰ੍ਹਾਂ ਵੀ ਜਿੰਮੇਵਾਰ ਨਹੀਂ ਹੋਵੇਗੀ। ਸੰਸਥਾ ਇਕ ਲਿਖਤੀ ਅੰਡਰ-ਟੇਕਿੰਗ ਦੇਵੇਗੀ ਕਿ ਉਹ ਇਸ ਬਾਰੇ ਸਰਕਾਰ ਪਾਸੋਂ ਮਾਲੀ ਸਹਾਇਤਾ ਦੀ ਮੰਗ ਨਹੀ ਕਰੇਗੀ।
2. ਨਵੇਂ ਵਿਸ਼ਿਆਂ/ਕਲਾਸਾਂ/ਕੋਰਸਾਂ ਵਿਚ ਦਾਖਲੇ ਲਈ ਵਿਦਿਆਰਥੀਆਂ ਦੀ ਗਿਣਤੀ ਯੂਨੀਵਰਸਿਟੀ ਵਲੋਂ ਨਿਸ਼ਚਿਤ ਨਿਯਮਾਂ ਅਨੁਸਾਰ ਕੀਤੀ ਜਾਵੇਗੀ।
3. ਕਾਲਜ ਨਵੇਂ ਵਿਸ਼ਿਆਂ/ਕਲਾਸਾਂ/ਕੋਰਸਾਂ ਲਈ ਲੋੜੀਂਦੀਆਂ ਸਹੂਲਤਾਂ ਯੂਨੀਵਰਸਿਟੀ ਰਾਹੀਂ ਨਿਸ਼ਚਿਤ ਕੀਤੇ ਪੱਧਰ ਅਨੁਸਾਰ ਮੁਹੱਈਆ ਕਰੇਗਾ।
4. ਸਿੰਡੀਕੇਟ ਦੀ ਇਕੱਤਰਤਾ ਮਿਤੀ 31.3.97 ਦੇ ਪੈਰਾ ਨੰ: 5 ਦੇ ਫੈਸਲੇ ਅਨੁਸਾਰ ਨਵੇਂ ਵਿਸ਼ੇ ਸ਼ੁਰੂ ਕਰਨ ਸਬੰਧੀ ਨਿਰਧਾਰਤ ਐਫਿਲੀਏਸ਼ਨ ਫੀਸ 5,000/- ਬੈਂਕ ਡਰਾਫਟ ਰਾਹੀਂ ਜੋ ਕਿ ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਨਾਂ ਹੋਵੇ, ਵਿੱਤ ਤੇ ਵਿਕਾਸ ਅਫਸਰ ਨੂੰ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ ਭੇਜ ਦਿੱਤੀ ਜਾਵੇ।

Mrs Anju to maintain for record (NCTE file)
Sd/- 20/7/2001

D.A.V. College of Education for Women, Amritsar
No. 4282
Dated 24/7/01

ਵਿਸ਼ਵਾਸ-ਪਾਤਰ

[signature]

ਸਹਾਇਕ ਰਜਿਸਟਰਾਰ (ਕਾਲਜਾਂ)
ਵਾਸਤੇ ਡੀਨ, ਕਾਲਜ ਵਿਕਾਸ ਕੌਂਸਲ

ਨੱਥੀ: ਉਪਰੋਕਤ ਅਨੁਸਾਰ

ਨੋਟ: ਜੇਕਰ ਕਾਲਜ ਕਿਸੇ ਕਾਰਨ ਨਵਾਂ ਕੋਰਸ ਆਰੰਭ ਕਰਨ ਦੇ ਅਸਮਰੱਥ ਹੈ ਤਾਂ ਇਹ ਸੂਚਨਾ ਯੂਨੀਵਰਸਿਟੀ ਨੂੰ 31 ਅਗਸਤ ਤੱਕ ਅਵੱਸ਼ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ।